Australian Government
Department of Infrastructure, Transport, Regional Development, Communications and the Arts

# ਬੱਚਿਆਂ ਲਈ ਕੀ ਠੀਕ ਹੈ?

Punjabi | ਪੰਜਾਬੀ

## ਦੇਖਣ ਜਾਂ ਖੇਡਣ ਲਈ ਸਮੱਗਰੀ ਦੀ ਚੋਣ ਕਰਨਾ

ਕਿਸੇ ਫ਼ਿਲਮ ਜਾਂ ਗੇਮ ਲਈ ਰੇਟਿੰਗ ਅਤੇ ਖ਼ਪਤਕਾਰ ਸਲਾਹ ਤੁਹਾਡੇ ਬੱਚੇ ਲਈ ਸਹੀ ਸਮੱਗਰੀ ਚੁਣਨ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ।

ਇਹ ਰੇਟਿੰਗਾਂ ਹਨ: G, PG, M, MA 15+ ਅਤੇ R 18+। ਖ਼ਪਤਕਾਰ ਸਲਾਹ ਆਮ ਤੌਰ 'ਤੇ ਛੇ ਕਿਸਮਾਂ ਦੀਆਂ ਸਮੱਗਰੀਆਂ (ਵਰਗੀਕਰਨ ਯੋਗ ਭਾਗਾਂ): ਵਿਸ਼ਾ, ਹਿੰਸਾ, ਭਾਸ਼ਾ, ਨਸ਼ੀਲੇ ਪਦਾਰਥਾਂ ਦੀ ਵਰਤੋਂ, ਨਗਨਤਾ ਅਤੇ ਸੈਕਸ ਨਾਲ ਸੰਬੰਧਿਤ ਹੁੰਦੀ ਹੈ।

ਤੁਸੀਂ ਰੇਟਿੰਗ ਦਾ ਕੀ ਮਤਲਬ ਹੈ? 'ਤੇ ਜਾ ਕੇ ਇਹ ਪਤਾ ਲਗਾ ਸਕਦੇ ਹੋ ਕਿ ਹਰੇਕ ਰੇਟਿੰਗ ਦਾ ਕੀ ਮਤਲਬ ਹੈ

ਇਹ ਜਾਣਕਾਰੀ ਤੁਹਾਨੂੰ ਸਮੱਗਰੀ ਦੀ ਕਿਸਮ ਦੱਸੇਗੀ ਜੋ ਕਿਸੇ ਫ਼ਿਲਮ (ਜਾਂ ਐਪੀਸੋਡ) ਜਾਂ ਕੰਪਿਊਟਰ ਗੇਮ ਵਿੱਚ ਹੈ। ਤੁਸੀਂ ਇਸ ਜਾਣਕਾਰੀ ਦੀ ਵਰਤੋਂ ਇਹ ਫ਼ੈਸਲਾ ਕਰਨ ਲਈ ਕਰ ਸਕਦੇ ਹੋ ਕਿ ਕੀ ਤੁਹਾਡੇ ਬੱਚੇ ਨੂੰ ਉਹ ਫ਼ਿਲਮ ਦੇਖਣੀ ਜਾਂ ਗੇਮ ਖੇਡਣੀ ਚਾਹੀਦੀ ਹੈ ਜਾਂ ਕੀ ਇਸ ਵਿੱਚ ਅਜਿਹੀ ਸਮੱਗਰੀ ਹੈ ਜੋ ਉਸਨੂੰ ਪ੍ਰੇਸ਼ਾਨ ਕਰ ਸਕਦੀ ਹੈ ਜਾਂ ਅਣਉਚਿਤ ਹੈ।

ਮਾਪਿਆਂ ਦੇ ਨਿਯੰਤਰਣ ਅਣਉਚਿਤ ਸਮੱਗਰੀ ਤੱਕ ਪਹੁੰਚ ਨੂੰ ਸੀਮਤ ਕਰਨ ਵਿੱਚ ਵੀ ਤੁਹਾਡੀ ਮੱਦਦ ਕਰ ਸਕਦੇ ਹਨ।

## ਰੇਟਿੰਗ ਅਤੇ ਖ਼ਪਤਕਾਰ ਸਲਾਹ ਦੀ ਜਾਂਚ ਕਰੋ

ਤੁਸੀਂ ਰਾਸ਼ਟਰੀ ਵਰਗੀਕਰਨ ਡੇਟਾਬੇਸ (National Classification Database, NCD) 'ਤੇ ਫ਼ਿਲਮ ਜਾਂ ਕੰਪਿਊਟਰ ਗੇਮ ਦੀ ਰੇਟਿੰਗ ਅਤੇ ਖ਼ਪਤਕਾਰ ਸਲਾਹ ਵੀ ਲੱਭ ਸਕਦੇ ਹੋ।

NCD ਇਹ ਦਿਖਾਉਂਦਾ ਹੈ ਕਿ ਕੀ ਛੇ ਵਰਗੀਕਰਨ ਯੋਗ ਤੱਤਾਂ (ਵਿਸ਼ੇ, ਹਿੰਸਾ, ਭਾਸ਼ਾ, ਨਸ਼ੀਲੇ ਪਦਾਰਥਾਂ ਦੀ ਵਰਤੋਂ, ਨਗਨਤਾ ਅਤੇ ਸੈਕਸ) ਵਿੱਚੋਂ ਕੋਈ ਵੀ ਮੌਜੂਦ ਹੈ ਅਤੇ ਉਨ੍ਹਾਂ ਦੇ ਪ੍ਰਭਾਵ ਦਾ ਪੱਧਰ। ਤੁਸੀਂ 'ਇਹ ਵਰਗੀਕਰਨ ਕਿਉਂ?' ਭਾਗ ਵਿੱਚ ਜਾ ਕੇ ਕਿਸੇ ਫ਼ਿਲਮ ਜਾਂ ਕੰਪਿਊਟਰ ਗੇਮ ਦੀ ਇੱਕ ਖ਼ਾਸ ਰੇਟਿੰਗ ਕਿਉਂ ਹੈ ਇਸ ਬਾਰੇ ਹੋਰ ਜਾਣਕਾਰੀ ਵੀ ਲੱਭ ਸਕਦੇ ਹੋ।

ਰੇਟਿੰਗ ਅਤੇ ਖ਼ਪਤਕਾਰ ਸਲਾਹ ਸਟ੍ਰੀਮਿੰਗ ਸੇਵਾਵਾਂ, ਔਨਲਾਈਨ ਗੇਮਿੰਗ ਸਟੋਰਫਰੰਟ, ਡਿਜ਼ੀਟਲ ਡਾਊਨਲੋਡ, ਸਿਨੇਮਾ, ਡੀਵੀਡੀ, ਬਲੂ ਰੇਅ ਅਤੇ ਕੰਪਿਊਟਰ ਗੇਮ ਪੈਕੇਜਿੰਗ 'ਤੇ ਦਿਖਾਈ ਜਾਂਦੀ ਹੈ। ਫ਼ਿਲਮਾਂ ਅਤੇ ਕੰਪਿਊਟਰ ਗੇਮਾਂ ਦੇ ਵਿਗਿਆਪਨ ਵਿੱਚ ਵੀ ਰੇਟਿੰਗ ਜਾਣਕਾਰੀ ਸ਼ਾਮਲ ਹੋ ਸਕਦੀ ਹੈ।

## ਮਾਪਿਆਂ ਦੇ ਨਿਯੰਤਰਣ ਦੀ ਵਰਤੋਂ ਕਰੋ

ਤੁਸੀਂ ਮਾਪਿਆਂ ਦੇ ਨਿਯੰਤਰਣ ਦੀ ਵਰਤੋਂ ਕਰਕੇ ਤੁਹਾਡੇ ਬੱਚੇ ਦੁਆਰਾ ਔਨਲਾਈਨ ਪਹੁੰਚ ਕਰਨ ਵਾਲੀ ਸਮੱਗਰੀ ਦੀ ਕਿਸਮ ਦੀ ਨਿਗਰਾਨੀ ਅਤੇ ਸੀਮਤ ਕਰ ਸਕਦੇ ਹੋ। ਜ਼ਿਆਦਾਤਰ ਸਟ੍ਰੀਮਿੰਗ ਸੇਵਾਵਾਂ, ਕੰਪਿਊਟਰ ਗੇਮ ਕੰਸੋਲ ਅਤੇ ਡਿਜ਼ੀਟਲ ਯੰਤਰ ਉਮਰ ਅਨੁਸਾਰ ਮਾਪਿਆਂ ਦੇ ਨਿਯੰਤਰਣ ਪ੍ਰਦਾਨ ਕਰਦੇ ਹਨ। ਬਹੁਤ ਸਾਰੇ ਤੁਹਾਨੂੰ ਰੇਟਿੰਗ ਦੇ ਆਧਾਰ 'ਤੇ ਸਮੱਗਰੀ ਤੱਕ ਪਹੁੰਚ ਨੂੰ ਬੰਦ ਕਰਨ ਦੀ ਇਜਾਜ਼ਤ ਦਿੰਦੇ ਹਨ।

ਈ-ਸੁਰੱਖਿਆ ਕਮਿਸ਼ਨਰ ਕੋਲ ਮਾਪਿਆਂ ਦੇ ਨਿਯੰਤਰਣ ਅਤੇ ਉਹਨਾਂ ਦੀ ਵਰਤੋਂ ਕਰਨ ਬਾਰੇ ਹੋਰ ਜਾਣਕਾਰੀ ਹੈ।